ਹੈਲੋ ਮਾਪਿਓ, ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ,

ਮਈ ਆ ਗਈ ਹੈ ਅਤੇ ਹੁਣ ਸਾਰੀ ਗੱਲਬਾਤ ਕੋਵਿਡ-19 ਨਾਲ ਲੜਾਈ ਵਿੱਚ ਸਾਡੀ ਕਾਮਯਾਬੀ ਬਾਰੇ ਹੋ ਰਹੀ ਹੈ ਅਤੇ ਅਸੀਂ ਬੰਦਸ਼ਾਂ ਖਤਮ ਕਰਨ ਦੀਆਂ ਸੰਭਾਵਨਾਵਾਂ ਬਾਰੇ ਸੋਚ ਰਹੇ ਹਾਂ। ਇਕ ਵਾਰ ਫਿਰ, ਸਾਰੇ ਫੈਸਲੇ ਸਿਹਤ ਮਹਿਕਮੇ ਅਤੇ ਸਰਕਾਰ ਦੀ ਅੱਗੇ ਵਧਣ ਦੀ ਖਾਹਿਸ਼ ਦੀ ਸੇਧ ਅਧੀਨ ਹੋਣਗੇ। ਜੋ ਵੀ ਹੋਵੇ, ਅਸੀਂ ਜਾਣਦੇ ਹਾਂ ਕਿ ਸਕੂਲ ਆਰਥਿਕਤਾ ਨੂੰ ਦੋਬਾਰਾ ਖੜੀ ਕਰਨ ਵਿੱਚ ਬਹੁਤ ਵੱਡਾ ਰੋਲ ਨਿਭਾਉਂਦੇ ਹਨ, ਕਿਉਂਕਿ ਲੋਕਾਂ ਨੂੰ ਕੰਮਾਂ ਤੇ ਜਾਣ ਦੀ ਲੋੜ ਹੁੰਦੀ ਹੈ। ਇਸ ਲਈ ਸਵਾਲ ਅਜੇ ਵੀ ਇਹ ਹੈ ਕਿ ਅਸੀਂ ਕਦੋਂ ਖੁੱਲਾਂਗੇ ਅਤੇ ਇਹ ਕਿਸ ਤਰ੍ਹਾਂ ਦਾ ਹੋਵੇਗਾ? ਇਕ ਵਾਰ ਫਿਰ ਇਸ ਹਫਤੇ ਦਾ ਸੁਨੇਹਾ ਇਸ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰੇਗਾ ਅਤੇ ਕੁੱਝ ਮੁੱਖ ਨੁਕਤਿਆਂ ਨੂੰ ਉਜਾਗਰ ਕਰੇਗਾ।

ਕੋਈ ਸਿੱਧੇ ਸਪਸ਼ਟ ਜਵਾਬ ਨਹੀਂ ਹਨ, ਫਿਰ ਵੀ ਮੇਰੇ ਖਿਆਲ ਵਿੱਚ ਗੌਰ ਕਰਨ ਵਾਲੇ 4 ਮੁੱਖ ਸਵਾਲ ਹਨ:

1. ਸਕੂਲ ਕਦੋਂ ਖੁੱਲ੍ਹਣਗੇ?
2. ਸਕੂਲਾਂ ਦੇ ਦੋਬਾਰਾ ਖੁੱਲ੍ਹਣ ਲਈ ਸੁਰੱਖਿਆ ਲਈ ਕਿਹੜੇ ਕਦਮ ਚੁੱਕਣੇ ਪੈਣਗੇ?
3. ਜਦੋਂ ਸਕੂਲ ਦੋਬਾਰਾ ਖੁੱਲ੍ਹਣਗੇ ਤਾਂ ਕਿਹੜੇ ਵਿਦਿਆਰਥੀ ਸਭ ਤੋਂ ਪਹਿਲਾਂ ਸਕੂਲ ਵਿੱਚ ਪੈਰ ਰੱਖਣਗੇ?
4. ਜੇ 30 ਜੂਨ ਤੋਂ ਪਹਿਲਾਂ ਸਕੂਲ ਖੁੱਲ੍ਹਦੇ ਹਨ, ਤਾਂ ਉਨ੍ਹਾਂ ਮਾਪਿਆਂ ਅਤੇ ਪਰਿਵਾਰਾਂ ਦਾ ਸਮਰਥਨ ਕਿਵੇਂ ਕਰਾਂਗੇ ਜਿਹੜੇ ਸਕੂਲ ਨਾ ਆਉਣ ਦਾ ਫੈਸਲਾ ਕਰਨਗੇ?

ਜਿਵੇਂ ਜਿਵੇਂ ਕੋਵਿਡ ਵਿਰੁੱਧ ਸਾਡੀ ਲੜਾਈ ਸਥਿਰ ਹੋ ਰਹੀ ਹੈ, ਤਾਂ ਸਰਕਾਰ ਵੱਲੋਂ ਆ ਰਹੀਆਂ ਹਿਦਾਇਤਾਂ ਵਿੱਚੋਂ ਕੁੱਝ ਗੱਲਾਂ ਸਾਫ ਹੋ ਰਹੀਆਂ ਹਨ। ਇਸ ਗੱਲ ਬਾਰੇ ਕੋਈ ਸਵਾਲ ਨਹੀਂ ਹੈ ਕਿ ਸਮਾਜ ਅਤੇ ਆਰਥਿਕਤਾ ਨੂੰ ਦੋਬਾਰਾ ਖੋਲ੍ਹਣ ਵਿੱਚ ਸਕੂਲਾਂ ਦੀ ਮਹੱਤਵਪੂਰਨ ਭੂਮਿਕਾ ਹੈ ਅਤੇ ਚੀਜ਼ਾਂ ਸ਼ੁਰੂ ਕਰਨ ਲਈ ਇਕ ਜ਼ੋਰਦਾਰ ਖਾਹਿਸ਼ ਮੌਜੂਦ ਹੈ। ਚੀਜ਼ਾਂ ਨੂੰ ਦੋਬਾਰਾ ਕਿੰਨਾ ਕੁ ਖੋਲ੍ਹਣਾ ਹੈ ਅਤੇ ਕਦੋਂ ਖੋਲ੍ਹਣਾ ਹੈ, ਇਸ ਬਾਰੇ ਫੈਸਲਾ ਅਟੱਲ ਹੈ।

ਆਰਥਿਕਤਾ ਨੂੰ ਦੋਬਾਰਾ ਖੋਲ੍ਹਣ ਦਾ ਸਕੂਲ ਖੋਲ੍ਹਣ ਨਾਲ ਸਿੱਧਾ ਸੰਬੰਧ ਹੈ ਅਤੇ ਸਰਕਾਰ ਯਕੀਨ ਕਰਦੀ ਹੈ ਕਿ ਲੋਕਾਂ ਵੱਲੋਂ ਕੰਮ 'ਤੇ ਵਾਪਸ ਜਾਣ ਲਈ ਜ਼ਰੂਰੀ ਹੈ ਕਿ ਕੰਮ ਦੇ ਦਿਨ ਦੌਰਾਨ ਉਨ੍ਹਾਂ ਦੇ ਛੋਟੇ ਬੱਚਿਆਂ ਦੀ ਸੰਭਾਲ ਹੋਵੇ, ਅਤੇ ਬਹੁਤਿਆਂ ਲਈ ਇਸ ਸੰਭਾਲ ਦਾ ਮਤਲਬ ਹੈ, ਸਕੂਲ। ਨਤੀਜੇ ਵੱਜੋਂ, ਸੰਭਵ ਹੈ ਕਿ ਪਹਿਲੇ ਫੈਸਲੇ ਸ਼ੁਰੂ ਦੇ ਸਾਲਾਂ ਦੇ ਬੱਚਿਆਂ 'ਤੇ ਕੇਂਦਰਿਤ ਹੋਣਗੇ, ਤਾਂ ਕਿ ਉਨ੍ਹਾਂ ਦੇ ਮਾਪੇ ਕੰਮ 'ਤੇ ਜਾਣ ਦੇ ਯੋਗ ਹੋਣ, ਅਤੇ ਇਹ ਛੋਟੇ ਬੱਚੇ ਸਕੂਲ ਤੋਂ ਦੂਰ ਅਤੇ ਆਨਲਾਈਨ ਪੜ੍ਹਾਈ ਕਰਨ ਦੇ ਘੱਟ ਯੋਗ ਹਨ।

ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਕਦੋਂ ਖੁੱਲਾਂਗੇ ਅਤੇ ਕਿਸ ਰੂਪ ਵਿੱਚ ਖੁੱਲਾਂਗੇ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਫਾਈ ਅਤੇ ਸੁਰੱਖਿਆ 'ਤੇ ਜ਼ਿਆਦਾ ਧਿਆਨ ਦਿੱਤਾ ਜਾਵੇਗਾ। ਨਵੀਂਆਂ ਸੇਧਾਂ ਆਉਣ ਵਾਲੀਆ ਹਨ, ਅਤੇ ਨਵੀਂਆਂ ਸੇਧਾਂ ਕਿਸੇ ਤਰ੍ਹਾਂ ਦੀਆਂ ਵੀ ਹੋਣ, ਉਹ ਸਫਾਈ ਦੇ ਸਾਡੇ ਮੌਜੂਦਾ ਨਿਯਮਾਂ ਤੋਂ ਜ਼ਿਆਦਾ ਸਖਤ ਹੋਣਗੀਆਂ। ਜ਼ਿਆਦਾ ਸਫਾਈ ਤੋਂ ਇਲਾਵਾ, ਇਕ ਦੂਜੇ ਨਾਲ ਦੂਰੀ ਰੱਖਣ ਲਈ ਕਿਸੇ ਨਾ ਕਿਸੇ ਤਰ੍ਹਾਂ ਦੇ ਹੋਰ ਢੰਗ ਮਿੱਥਣੇ ਪੈਣਗੇ ਅਤੇ ਇਨ੍ਹਾਂ ਨੂੰ ਸਕੂਲ ਦੀ ਸਥਿਤੀ ਅਨੁਸਾਰ ਅਪਨਾਉਣਾ ਪਵੇਗਾ। ਇਨ੍ਹਾਂ ਨੂੰ ਅਪਨਾਉਣ ਸਮੇਂ ਸਾਨੂੰ ਇਕ ਦੂਜੇ ਤੋਂ ਦੂਰੀ ਰੱਖਣ ਵਿੱਚ ਛੋਟੇ ਬੱਚਿਆਂ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਣਾ ਪਏਗਾ।

ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਅਨੁਸਾਰ ਬੱਚਿਆਂ ਵਿੱਚ ਇਨਫੈਕਸ਼ਨ ਹੋਣ ਦੀ ਦਰ ਘੱਟ ਹੈ ਅਤੇ ਬੱਚਿਆਂ ਤੋਂ ਬਾਲਗਾਂ ਨੂੰ ਇਨਫੈਕਸ਼ਨ ਹੋਣ ਦੀ ਦਰ ਬਹੁਤ ਘੱਟ ਜਾਪਦੀ ਹੈ, ਪਰ ਇਸ ਬਾਰੇ ਹੋਰ ਖੋਜ ਦੀ ਲੋੜ ਹੈ। ਇਸ ਦੇ ਬਾਵਜੂਦ, ਆਪਣੇ ਬਾਲਗ ਲੋਕਾਂ ਨੂੰ ਵਾਪਸ ਲਿਆਉਣ ਸਮੇਂ, ਸਾਨੂੰ ਇਸ ਗੱਲ 'ਤੇ ਵੀ ਗੌਰ ਕਰਨਾ ਪਏਗਾ ਕਿ ਉਨ੍ਹਾਂ ਲੋਕਾਂ ਦਾ ਸਮਰਥਨ ਕਿਵੇਂ ਕਰਨਾ ਹੈ ਜਿਨ੍ਹਾਂ ਦਾ ਇਮਿਊਨ ਸਿਸਟਮ (ਬੀਮਾਰੀਆਂ ਨਾਲ ਲੜਨ ਵਾਲਾ ਪ੍ਰਬੰਧ) ਕਮਜ਼ੋਰ ਹੋ ਗਿਆ ਹੈ ਜਾਂ ਜਿਨ੍ਹਾਂ ਦੇ ਘਰਾਂ ਵਿੱਚ ਪਰਿਵਾਰ ਦੇ ਅਜਿਹੇ ਮੈਂਬਰ ਹਨ ਜਿਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੈ। ਸਮਾਜ ਨੂੰ ਵਾਰ ਵਾਰ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਘਰ ਰਹੋ, ਇਕੱਠੇ ਨਾ ਹੋਵੋ, ਕਿਸੇ ਨੂੰ ਹੱਥ ਨਾ ਲਾਉ। ਇਸ ਕਰਕੇਂ ਸਾਨੂੰ ਭਾਈਚਾਰੇ ਵਿੱਚ ਦੂਜੇ ਲੋਕਾਂ ਦੇ ਨਾਲ ਜਾਂ ਨੇੜੇ ਹੋਣ ਤੋਂ ਬਹੁਤ ਜ਼ਿਆਦਾ ਡਰ ਅਤੇ ਫਿਕਰ ਦਿਖਾਈ ਦਿੰਦਾ ਹੈ। ਇਸ ਡਰ ਨਾਲ ਨਿਪਟਣ ਦੀ ਲੋੜ ਹੈ ਅਤੇ ਅਜਿਹਾ ਕਰਨ ਲਈ ਸਾਡੇ ਸਾਰਿਆਂ ਵਿੱਚ ਧੀਰਜ ਅਤੇ ਹਮਦਰਦੀ ਹੋਣ ਦੀ ਲੋੜ ਹੈ।

ਅਖੀਰ ਵਿੱਚ, ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ, ਸਕੂਲਾਂ ਨੂੰ ਦੋਬਾਰਾ ਖੋਲ੍ਹਣ ਦਾ ਫੈਸਲਾ ਸਕੂਲਾਂ ਨੂੰ ਪੂਰੀ ਤਰ੍ਹਾਂ ਖੋਲ੍ਹਣਾ ਜਾਂ ਬਿਲਕੁਲ ਵੀ

ਨਹੀਂ ਖੋਲ੍ਹਣ ਦਾ ਫੈਸਲਾ ਨਹੀਂ ਹੈ। ਮੈਂ ਅਜੇ ਵੀ ਯਕੀਨ ਕਰਦਾ ਹਾਂ ਕਿ ਸਕੂਲਾਂ ਨੂੰ ਕਿਸੇ ਵੀ ਤਰ੍ਹਾਂ ਖੋਲ੍ਹਣ ਦਾ ਕਾਰਜ ਹੌਲੀ ਹੌਲੀ ਅਤੇ ਕਦਮ-ਦਰ-ਕਦਮ ਹੋਵੇਗਾ, ਪਰ ਅਜੇ ਵੀ ਸਾਨੂੰ ਇਹ ਨਹੀਂ ਪਤਾ ਕਿ ਕਿਸ ਤਰ੍ਹਾਂ ਦੇ ਫੈਸਲੇ ਆਉਣਗੇ। ਅਸੀਂ ਜਾਣਦੇ ਹਾਂ ਕਿ ਜੇ ਸਕੂਲ ਖੋਲ੍ਹਣ ਦਾ ਫੈਸਲਾ ਛੇਤੀ ਆ ਜਾਵੇ ਤਾਂ, ਹੋ ਸਕਦਾ ਹੈ ਕਿ ਕੁੱਝ ਮਾਪੇ ਆਪਣੇ ਬੱਚਿਆਂ ਨੂੰ 30 ਜੂਨ ਤੋਂ ਪਹਿਲਾਂ ਸਕੂਲ ਨਾ ਭੇਜਣ ਦਾ ਫੈਸਲਾ ਕਰਨ। ਇਸ ਨਿੱਜੀ ਅਤੇ ਪਰਿਵਾਰਕ ਫੈਸਲੇ ਦਾ ਸਤਿਕਾਰ ਕਰਨ ਦੀ ਲੋੜ ਹੈ। ਹੁਣ ਤੱਕ ਸਿਹਤ ਅਤੇ ਸੁਰੱਖਿਆ, ਜ਼ਰੂਰੀ ਕਾਮਿਆਂ ਦੇ ਸਮਰਥਨ, ਆਪਣੇ ਕਮਜ਼ੋਰ ਸਿੱਖਿਆਰਥੀਆਂ ਅਤੇ ਅੰਤ ਵਿੱਚ ਆਪਣੀਆਂ ਲਗਾਤਾਰ ਕੋਸ਼ਿਸ਼ਾਂ ਰਾਹੀਂ ਆਪਣੇ ਸਾਰੇ ਸਿੱਖਿਆਰਥੀਆਂ ਦਾ ਸਮਰਥਨ ਕਰਨ ਬਾਰੇ ਸਰਕਾਰ ਦੀਆਂ ਪ੍ਰਮੁੱਖ ਪਹਿਲਾਂ ਦੀ ਪਾਲਣਾ ਕਰਨ ਵਿੱਚ ਬੀ ਸੀ ਦੇ ਅਪਾਰ ਅਤੇ ਵੱਖ ਵੱਖ ਤਰ੍ਹਾਂ ਦੇ ਭਾਈਚਾਰਿਆਂ ਨੂੰ ਖੁੱਲ੍ਹ ਦਿੱਤੀ ਗਈ ਹੈ ਕਿ ਉਹ ਆਪਣੀ ਸਥਿਤੀ ਅਨੁਸਾਰ ਫੈਸਲਾ ਕਰ ਸਕਣ ਕਿ ਉਨ੍ਹਾਂ ਲਈ ਕਿਹੜੀ ਚੀਜ਼ ਸਹੀ ਕੰਮ ਕਰੇਗੀ।

ਮਹਾਂਮਾਰੀ ਦੌਰਾਨ ਸਕੂਲਾਂ ਨੂੰ ਦੋਬਾਰਾ ਖੋਲ੍ਹਣ ਦੀਆਂ ਜਟਿਲਤਾਵਾਂ ਹੈਰਾਨਕੁਨ ਹਨ, ਪਰ ਮੈਨੂੰ ਯਕੀਨ ਹੈ ਕਿ ਅਸੀਂ ਕੁੱਝ ਸਾਂਝੀਆਂ ਕੀਮਤਾਂ ਤੋਂ ਸੇਧ ਲੈ ਸਕਦੇ ਹਾਂ, ਜੋ ਇਸ ਪ੍ਰਕਾਰ ਹਨ:

- ਅਸੀਂ ਸਾਰੇ ਮੰਨਦੇ ਹਾਂ ਕਿ ਸਿਹਤ ਅਤੇ ਸੁਰੱਖਿਆ ਸਾਡੀ ਸਭ ਤੋਂ ਪ੍ਰਮੁੱਖ ਪਹਿਲ ਹੋਣੀ ਚਾਹੀਦੀ ਹੈ;
- ਅਸੀਂ ਸਾਰੇ ਚਾਹੁੰਦੇ ਹਾਂ ਕਿ ਵਾਇਰਸ ਕੰਟਰੋਲ ਵਿੱਚ ਰਹੇ;
- ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਿੱਖਣਾ ਜਾਰੀ ਰੱਖਣ;
- ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੀ ਆਰਥਿਕਤਾ ਵਿੱਚ ਮੁੜ ਕੇ ਉਭਾਰ ਆਵੇ; ਅਤੇ
- ਅਸੀਂ ਸਾਰੇ ਚਾਹੁੰਦੇ ਹਾਂ ਕਿ ਜ਼ਿੰਦਗੀ ਨਵੇਂ ਨਾਰਮਲ ਵਿੱਚ ਵਾਪਸ ਆ ਜਾਵੇ।

ਜੇ ਅਸੀਂ ਇਨ੍ਹਾਂ ਸਾਂਝੀਆਂ ਕੀਮਤਾਂ ਦੀ ਪਾਲਣਾ ਕਰੀਏ, ਤਾਂ ਬੇਸ਼ੱਕ ਮੰਜ਼ਿਲ 'ਤੇ ਪਹੁੰਚਣ ਦਾ ਕੰਮ ਗੁੰਝਲਦਾਰ ਅਤੇ ਚੁਣੌਤੀਆਂ ਭਰਪੂਰ ਹੈ ਪਰ ਕਾਮਯਾਬ ਹੋਣ 'ਤੇ ਮਿਲਣ ਵਾਲੇ ਪੁਰਸਕਾਰ ਸਾਡੀ ਕੋਸ਼ਿਸ਼ ਦਾ ਮੁੱਲ ਮੋੜ ਦੇਣਗੇ। ਅਸੀਂ ਸਾਰੇ ਰਲ ਕੇ ਦੋਬਾਰਾ ਉਸਾਰੀ ਕਰ ਸਕਦੇ ਹਾਂ, ਅਤੇ ਜ਼ਰੂਰੀ ਹੈ ਕਿ ਅਸੀਂ ਦੋਬਾਰਾ ਮਿਲ ਕੇ ਉਸਾਰੀ ਕਰੀਏ, ਅਤੇ ਇਸ ਦੋਬਾਰਾ ਉਸਾਰੀ ਲਈ ਸਾਡੇ ਸਾਰਿਆਂ ਵੱਲੋਂ ਸਾਂਝੀ ਪ੍ਰਤੀਬੱਧਤਾ ਦੀ ਲੋੜ ਪਵੇਗੀ।